12

# ਖ਼ੁਦਾ ਦੀ ਪਵਿੱਤਰ ਯਾਜਕਾਈ

*'' ... ਉਹ ਦੀ ਜਿਹੜਾ ਸਾਡੇ ਨਾਲ ਪ੍ਰੇਮ ਕਰਦਾ ਹੈ ਅਤੇ ਜਿਹ ਨੇ ਸਾਨੂੰ ਆਪਣੇ ਲਹੂ ਨਾਲ ਸਾਡੇ ਪਾਪਾਂ ਤੋਂ ਛੁਡਾ ਦਿੱਤਾ ਹੈ। ਅਤੇ ਉਸ ਨੇ ਸਾਨੂੰ ਇਕ ਬਾਦਸ਼ਾਹੀ ਬਣਾਇਆ ਭਈ ਅਸੀਂ ਉਹ ਦੇ ਪਰਮੇਸ਼ੁਰ ਅਤੇ ਪਿਤਾ ਲਈ ਯਾਜਕ ਬਣੀਏ, ਓਸੇ ਦੀ ਮਹਿਮਾ ਅਤੇ ਪਰਾਕਰਮ ਜੁੱਗੋ ਜੁੱਗ ਹੋਵੇ। ਆਮੀਨ'' (ਪ੍ਰਕਾਸ਼ ਦੀ ਪੋਥੀ 1:5, 6)।*

ਸਿਆਣੀ ਉਮਰ ਅਤੇ ਅਮਰੀਕੀ ਸ਼ਹਿਰੀ ਹੋਣ ਕਰਕੇ ਮੈਂ ਦੋ ਵੱਖੋ-ਵੱਖ ਕਾਨੂੰਨਾਂ ਦੇ ਅਧੀਨ ਰਿਹਾ ਹਾਂ। ਬਚਪਨ ਵਿਚ ਮੇਰੇ ਤੇ ਆਪਣੇ ਦੇਸ਼ ਦੇ ਨਾਬਾਲਗਾਂ ਦੇ ਲਈ ਬਣਿਆ ਕਾਨੂੰਨ ਲਾਗੂ ਹੁੰਦਾ ਸੀ। ਮੈਨੂੰ ਆਪਣੇ ਮਾਂ-ਬਾਪ ਦੀ ਨਿਗਰਾਨੀ ਵਿਚ ਰਹਿਣਾ ਪੈਂਦਾ ਸੀ। ਕਿਸੇ ਵੀ ਦਸਤਾਵੇਜ਼ ਤੇ ਮੇਰੇ ਦਸਤਖ਼ਤ ਮੇਰੇ ਮਾਂ ਜਾਂ ਪਿਓ ਵਿੱਚੋਂ ਕਿਸੇ ਇਕ ਦੀ ਗਵਾਹੀ ਦੇ ਬਗ਼ੈਰ ਮੰਨੇ ਨਹੀਂ ਜਾਂਦੇ ਸਨ। ਮੈਨੂੰ ਬੱਚਾ ਮੰਨਿਆ ਜਾਂਦਾ ਸੀ, ਮੇਰੀ ਜ਼ਿੰਦਗੀ ਦੇ ਸੰਚਾਲਨ ਅਤੇ ਮੇਰੀ ਸੁਰੱਖਿਆ ਲਈ ਖ਼ਾਸ ਕਾਨੂੰਨ ਸੀ।

ਹੁਣ ਬਾਲਗ ਹੋਣ ਤੇ ਮੇਰੇ ਤੇ ਹੋਰ ਨਿਅਮ ਲਾਗੂ ਹੁੰਦੇ ਹਨ। ਹੁਣ ਮੈਂ ਕਾਰ ਖ਼ਰੀਦ ਸਕਦਾ ਹਾਂ ਅਤੇ ਚਲਾ ਸਕਦਾ ਹਾਂ, ਮਕਾਨ ਖ਼ਰੀਦ ਸਕਦਾ ਹਾਂ, ਆਪਣਾ ਨਿੱਜੀ ਬੈਂਕ ਖਾਤਾ ਖੋਲ੍ਹ ਸਕਦਾ ਹਾਂ ਅਤੇ ਸਿਆਸੀ ਲੀਡਰਾਂ ਦੀ ਚੋਣ ਲਈ ਵੋਟ ਪਾ ਸਕਦਾ ਹਾਂ। ਇਨ੍ਹਾਂ ਕਾਨੂੰਨਾਂ ਨਾਲ ਮੈਨੂੰ ਇਕ ਆਦਮੀ ਦੇ ਰੂਪ ਵਿਚ ਵੱਧ ਮਾਨਤਾ ਦਿੱਤੀ ਗਈ ਹੈ। ਪਰ ਇਨ੍ਹਾਂ ਖ਼ਾਸ ਹੱਕਾਂ ਦੇ ਨਾਲ-ਨਾਲ ਮੇਰੇ ਜ਼ਾਤੀ ਫ਼ਰਜ਼ ਵੀ ਹਨ। ਮੈਂ ਕੰਮ ਕਰਕੇ ਧਨ ਕਮਾ ਸਕਦਾ ਹਾਂ, ਪਰ ਉਸ ਕਮਾਏ ਹੋਏ ਧਨ ਤੇ ਟੈਕਸ ਦੇਣਾ ਮੇਰਾ ਫ਼ਰਜ਼ ਹੈ। ਮੈਨੂੰ ਆਪਣੇ ਮਾਂ-ਪਿਓ ਦੀ ਇਜਾਜ਼ਤ ਦੇ ਬਿਨਾਂ ਆਪਣੀ ਮਰਜ਼ੀ ਨਾਲ ਫ਼ੈਸਲਾ ਲੈਣ ਦਾ ਹੱਕ ਹੈ, ਪਰ ਆਪਣੇ ਸਭ ਕੰਮਾਂ ਲਈ ਮੈਂ ਕਾਨੂੰਨ ਨੂੰ ਜਵਾਬਦੇਹ ਹਾਂ। ਇਹ ਇਕ ਨਵਾਂ ਕਾਨੂੰਨ ਜਿਸਦੇ ਅਧੀਨ ਮੈਂ ਇਕ ਬਾਲਗ ਦੇ ਰੂਪ ਵਿਚ ਰਹਿੰਦਾ ਹਾਂ ਅਤੇ ਇਹ ਕਾਨੂੰਨ ਉਸ ਕਾਨੂੰਨ ਨਾਲੋਂ ਫ਼ਰਕ ਹੈ ਜੋ ਬਚਪਨ ਵਿਚ ਮੇਰੇ ਤੇ ਲਾਗੂ ਹੁੰਦਾ ਸੀ।

ਪਹਿਲੀ ਸਦੀ ਦੇ ਯਹੂਦੀ ਵੀ ਅਜਿਹੀਆਂ ਹੀ ਹਾਲਤਾਂ ਵਿੱਚੋਂ ਦੀ ਲੰਘੇ ਸਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਦੋ ਤਰ੍ਹਾਂ ਦੇ ਰੂਹਾਨੀ ਨੇਮਾਂ ਜਾਂ ਅਹਿਦਾਂ ਨੂੰ ਵੇਖਿਆ ਸੀ। ਉਹ ਹੈਕਲ ਵਿਚ ਕੁਰਬਾਨੀ ਚੜ੍ਹਾ ਕੇ ਸਲਾਨਾ ਤਿਉਹਾਰ ਅਤੇ ਪਰਬ ਮਨਾ ਕੇ, ਖ਼ਾਸ ਢੰਗ ਨਾਲ ਠਹਿਰਾਏ ਗਏ ਹੋਰ ਸਭ ਨੇਮਾਂ ਨੂੰ ਮੰਨ ਕੇ ਮੂਸਾ ਦੀ ਸ਼ਰ੍ਹਾ ਦੇ ਅਧੀਨ ਰਹਿ ਰਹੇ ਸਨ। ਫਿਰ ਮਸੀਹ ਦੇ ਮੁੜ ਜੀ ਉੱਠਣ ਦੇ ਬਾਅਦ ਆਉਣ ਵਾਲੇ ਪਹਿਲੇ ਪੈਂਟੀਕਾਸਟ ਦੇ ਦਿਨ ਯਰੂਸ਼ਲਮ ਵਿਚ ਮਸੀਹੀਅਤ ਦੀ ਸ਼ੁਰੂਆਤ ਹੋ ਗਈ ਸੀ। ਕੁਝ ਯਹੂਦੀਆਂ ਵੱਲੋਂ ਉਹਦੀ ਕਲੀਸੀਆ ਦੇ ਰੂਪ ਵਿਚ ਮਸੀਹ ਦੇ ਪਿੱਛੇ ਚੱਲਣ ਦਾ ਫ਼ੈਸਲਾ ਲੈਣ ਤੇ, ਉਹ ਮੂਸਾ ਦੀ ਸ਼ਰ੍ਹਾ ਨੂੰ ਛੱਡ ਕੇ ਨੇਮਾਂ ਦੀ ਇਕ ਨਵੀਂ ਸ਼ਰ੍ਹਾ ਦੇ ਅਧੀਨ ਆ ਕੇ ਖ਼ੁਦਾ ਦੀ ਨਵੀਂ ਸ਼ਰ੍ਹਾ ਵਿਚ ਆ ਗਏ। ਨਵੀਂ ਸ਼ਰ੍ਹਾ ਦੇ ਅਧੀਨ ਮਸੀਹੀ ਹੋਣ ਕਰਕੇ ਉਨ੍ਹਾਂ ਨੇ ਵਿਸ਼ਵਾਸ ਨਾਲ, ਮਸੀਹ ਦੇ ਰਸੂਲਾਂ ਦੇ ਰਾਹੀਂ ਪਰਗਟ ਕੀਤੀ ਗਈ ਉਸਦੀ ਮਰਜ਼ੀ ਅਨੁਸਾਰ ਚੱਲਣਾ ਸੀ ਅਤੇ ਮਸੀਹ ਦੀ ਰੂਹਾਨੀ ਦੇਹ ਦੇ ਤੌਰ ਤੇ ਖ਼ੁਦਾ ਦੀ ਸੇਵਾ ਅਤੇ ਬੰਦਗੀ ਕਰਨੀ ਸੀ।

ਮੂਸਾ ਦੀ ਸ਼ਰ੍ਹਾ ਤੋਂ ਮਸੀਹੀਅਤ ਵਿਚ ਯਹੂਦੀਆਂ ਦੇ ਇਸ ਥਾਂ ਬਦਲੀ ਨਾਲ ਸ਼ਾਇਦ ਉਨ੍ਹਾਂ ਦੇ

ਲਈ ਸਚਿਆਈ ਨਾਲ ਵੱਡੀ ਰਾਹਤ ਇਹ ਮਿਲੀ ਸੀ ਕਿ ਖ਼ੁਦਾ ਨੇ ਹੁਣ ਯਾਜਕਾਂ ਦੇ ਰੂਪ ਵਿਚ ਆਪਣੀ ਸੇਵਾ ਦੇ ਲਈ ਵੱਖਰੇ ਕਿਸੇ ਨੂੰ ਨਹੀਂ ਚੁਣਿਆ ਸੀ, ਸਗੋਂ ਆਪਣੇ ਸਾਰੇ ਲੋਕਾਂ ਨੂੰ ਆਪਣੇ ਯਾਜਕਾਂ ਦੇ ਰੂਪ ਵਿਚ ਚੁਣ ਲਿਆ ਸੀ। ਨਵੇਂ ਨੇਮ ਦੇ ਅਨੁਸਾਰ, ਮਸੀਹ ਨੇ ਉਨ੍ਹਾਂ ਸਭਨਾਂ ਨੂੰ ਜੋ ਉਹਦੇ ਲਹੂ ਨਾਲ ਧੋਤੇ ਜਾਂਦੇ ਹਨ ਲੈ ਕੇ, ''ਇਕ ਰਾਜ ਅਤੇ ਆਪਣੇ ਪਿਤਾ ਖ਼ੁਦਾ ਦੇ ਲਈ ਯਾਜਕ'' ਬਣਾ ਦਿੱਤਾ (ਪ੍ਰਕਾਸ਼ ਦੀ ਪੋਥੀ 1:6)। ਮਸੀਹ ਵਿਚ ਅਸੀਂ ''ਚੁਣਿਆ ਹੋਇਆ ਵੰਸ਼, ਯਾਜਕਾਂ ਦੀ ਸ਼ਾਹੀ ਮੰਡਲੀ, ਪਵਿੱਤਰ ਕੌਮ, ਪਰਮੇਸ਼ੁਰ ਦੀ ਖਾਸ ਪਰਜਾ'' ਹਾਂ (1 ਪਤਰਸ 2:9)। ਸਾਨੂੰ ਮਸੀਹ ਦੀ ਕਲੀਸੀਆ ਵਿਚ ਮਿਲਾਇਆ ਗਿਆ ਹੈ ਜੋ ''ਜੀਉਂਦੇ ਪੱਥਰਾਂ ਦੀ ਨਿਆਈਂ ਹੋ ਕੇ ਆਤਮਕ ਘਰ ਉੱਸਰਦੀ ਜਾਂਦੀ ਹੈ ਭਈ ਯਾਜਕਾਂ ਦੀ ਪਵਿੱਤਰ ਮੰਡਲੀ ਬਣੇ ਤਾਂ ਜੋ ਅਸੀਂ ਉਹ ਆਤਮਕ ਬਲੀਦਾਨ ਚੜ੍ਹਾਈਏ ਜਿਹੜੇ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਨੂੰ ਭਾਉਂਦੇ ਹਨ'' (1 ਪਤਰਸ 2:5)। ਸਭ ਮਸੀਹੀ ਲੋਕਾਂ ਦੀ ਇਸ ਯਾਜਕਾਈ ਨਾਲ, ਯਹੂਦੀਆਂ ਵਾਂਗ ਸਾਨੂੰ ਵੀ ਅਚਰਜ, ਭੈ ਅਤੇ ਸ਼ੁਕਰਗੁਜ਼ਾਰੀ ਦੇ ਡੂੰਘੇ ਅਰਥਾਂ ਨਾਲ ਦੰਗ ਹੋ ਜਾਣਾ ਚਾਹੀਦਾ ਹੈ।

ਕਲੀਸੀਆ ਦੀ ਯਾਜਕਾਈ ਦੀ ਖੂਬੀ ਨੂੰ ਸਮਝ ਆਉਣ ਤੇ, ਹਰ ਮਸੀਹੀ ਉਤਸ਼ਾਹਿਤ ਹੋਵੇਗਾ। ਪਿਛਲੇ ਯੁੱਗ ਵਿਚ, ਖ਼ੁਦਾ ਲੇਵੀਆਂ ਨੂੰ ਆਪਣੇ ਯਾਜਕ ਬਣਾ ਕੇ ਇੱਜ਼ਤ ਦਿੰਦਾ ਸੀ, ਪਰ ਵਰਤਮਾਨ ਵਿਚ, ਖ਼ੁਦਾ ਨੇ ਮਸੀਹ ਵਿਚ ਆਉਣ ਵਾਲੇ ਹਰ ਸ਼ਖ਼ਸ ਨੂੰ ਆਪਣੇ ਰਾਜ ਦਾ ਯਾਜਕ ਬਣਾ ਕੇ ਇੱਜ਼ਤ ਬਖ਼ਸ਼ੀ ਹੈ।

ਭਲਾ ਖ਼ੁਦਾ ਦੀ ਸਾਰੇ ਬੱਚਿਆਂ ਨੂੰ ਯਾਜਕਾਈ ਦੇ ਬਾਰੇ ਇਸ ਸੱਚਿਆਈ ਨੇ ਸਾਨੂੰ ਪ੍ਰਭਾਵਿਤ ਕੀਤਾ ਹੈ? ਭਲਾ ਅਸੀਂ ਇਸ ਦੀ ਅਹਿਮੀਅਤ ਵੇਖੀ ਹੈ? ਆਓ ਇਸ ਵਿਸ਼ੇ ਤੇ ਹੋਰ ਡੂੰਘਿਆਈ ਨਾਲ ਵਿਚਾਰ ਕਰਦੇ ਹਾਂ।

## ਖ਼ੁਦਾ ਵੱਲੋਂ ਯਾਜਕਾਈ ਦਾ ਖਾਸ ਹੱਕ

ਮਸੀਹੀ ਬਣਨ ਵਾਲਿਆਂ ਨੂੰ ਯਾਜਕ ਬਣਨ ਦਾ ਖ਼ਾਸ ਹੱਕ ਮਿਲਿਆ ਹੈ। ਖ਼ੁਦਾ ਨੇ ਉਨ੍ਹਾਂ ਨੂੰ ਪੁਰਾਣੇ ਨੇਮ ਦੇ ਯਾਜਕਾਂ ਵਾਂਗ ਹੀ ਆਪਣੇ ਨਾਲ ਖ਼ਾਸ ਰਿਸ਼ਤਾ ਜੋੜ ਕੇ ਮਾਣ ਬਖ਼ਸ਼ਿਆ ਹੈ।

ਮੂਸਾ ਦੇ ਯੁੱਗ ਵਿਚ ਯਾਜਕਾਂ ਨੂੰ ਖ਼ੁਦਾ ਦੇ ਨਾਲ ਖ਼ਾਸ ਸੰਗਤ ਮੁਹੱਈਆ ਕੀਤੀ ਜਾਂਦੀ ਸੀ, ਉਹ ਹਰ ਰੋਜ਼ ਖ਼ੁਦਾ ਦੇ ਨਾਲ ਇਸ ਤਰ੍ਹਾਂ ਰਹਿੰਦੇ ਸੀ ਜਿਸਦਾ ਹੋਰਨਾਂ ਇਸਰਾਏਲੀਆਂ ਨੂੰ ਅਖ਼ਤਿਆਰ ਨਹੀਂ ਸੀ। ਉਨ੍ਹਾਂ ਦੇ ਤੰਬੂ ਦੇ ਡੇਰੇ ਦੇ ਪ੍ਰਤੀਕ ਥਾਂ ਤੇ, ਸਿੱਧੇ ਵੇਦੀ ਦੇ ਸਾਹਮਣੇ, ਖ਼ੁਦਾ ਦੀ ਹਜ਼ੂਰੀ ਵਿਚ ਲਾਏ ਜਾਂਦੇ ਸਨ। ਇਸਰਾਏਲ ਦੇ ਕਨਾਨ ਵਿਚ ਵੱਸਣ ਤੇ, ਯਾਜਕਾਂ ਨੂੰ, ਲੇਵੀਆਂ ਦੇ ਨਾਲ ਧਰਤੀ ਦੀ ਵੰਡ ਦੀ ਬਜਾਏ, ਉਨ੍ਹਾਂ ਦੀ ਖ਼ਾਸ ਦੌਲਤ ਦੇ ਰੂਪ ਵਿਚ ਖ਼ੁਦਾ ਮਿਲਿਆ ਸੀ। ਉਨ੍ਹਾਂ ਦੇ ਰਹਿਣ ਲਈ ਅਠਤਾਲੀ ਨਗਰ ਅਤੇ ਉਨ੍ਹਾਂ ਦੇ ਆਲੇ ਦੁਆਲੇ ਦੀਆਂ ਚਰਾਂਦਾਂ ਤਾਂ ਮਿਲੀਆਂ ਹੀ ਸਨ (ਯਹੋਸ਼ੁਆ 21:41), ਉਨ੍ਹਾਂ ਦੀ ਮਦਦ ਹੋਰ ਕਬੀਲਿਆਂ ਤੋਂ ਵੀ ਆਉਣੀ ਸੀ ਤਾਂ ਜੋ ਉਹ ਆਪਣਾ ਪੂਰਾ ਵਕਤ ਖ਼ੁਦਾ ਦੀ ਸੇਵਾ ਵਿਚ ਦੇ ਸਕਣ। ਇਸਰਾਏਲੀਆਂ ਵੱਲੋਂ ਵੇਦੀ ਤੇ ਭੇਂਟ ਕੀਤੀ ਜਾਣ ਵਾਲੀ ਹਰ ਕੁਰਬਾਨੀ ਯਾਜਕ ਦੇ ਰਾਹੀਂ ਹੀ ਚੜ੍ਹਾਈ ਜਾਂਦੀ ਸੀ। ਖ਼ੁਦਾ ਨੇ ਯਾਜਕਾਂ ਨੂੰ ਆਪਣੇ ਨਾਲ ਸੰਗਤ ਰੱਖਣ ਲਈ ਵੱਖ ਕੀਤਾ ਹੋਇਆ ਸੀ।

ਪੁਰਾਣੇ ਨੇਮ ਦੇ ਵਕਤ ਯਾਜਕਾਂ ਨੂੰ ਮਿਲਣ ਵਾਲਾ, ਖ਼ੁਦਾ ਦੇ ਨਾਲ, ਇਹ ਮਜ਼ਬੂਤ ਸਬੰਧ ਮਸੀਹੀ ਯੁੱਗ ਵਿਚ ਹਰੇਕ ਮਸੀਹੀ ਨੂੰ ਦਿੱਤਾ ਗਿਆ ਹੈ। ਇੰਜੀਲ ਨੂੰ ਮੰਨ ਕੇ ਖ਼ੁਦਾ ਦੇ ਕੋਲ਼ ਆਉਣ ਵਾਲੇ ਕਿਸੇ ਵੀ ਇਨਸਾਨ ਨੂੰ ਉਹਦੇ ਪਰਿਵਾਰ ਵਿਚ ਗੋਦ ਲਿਆ ਜਾਂਦਾ ਹੈ ਅਤੇ ਉਸ ਨੂੰ ''ਉਹਦੇ ਆਪਣੇ ਲੋਕਾਂ'' ਦੇ ਰੂਪ ਵਿਚ ਵੇਖਿਆ ਜਾਂਦਾ ਹੈ (ਤੀਤੁਸ 2:14)। ਕਿਸੇ ਵਕਤ ''ਕੁਝ ਵੀ ਨਹੀਂ'' ਹੋਣ ਵਾਲੇ ਲੋਕ ਅੱਜ ''ਖ਼ੁਦਾ ਦੀ ਪਰਜਾ'' ਹਨ (1 ਪਤਰਸ 2:10)। ਜੋ ਲੋਕ ਖ਼ੁਦਾ ਤੋਂ ''ਦੂਰ'' ਸਨ (ਅਫ਼ਸੀਆਂ

2:17) ਉਨ੍ਹਾਂ ਨੂੰ ਯਿਸੂ ਮਸੀਹ ਦੇ ਲਹੂ ਦੇ ਰਾਹੀਂ ''ਨੇੜੇ'' ਲਿਆਂਦਾ ਗਿਆ ਹੈ (ਅਫ਼ਸੀਆਂ 2:13)। ਖ਼ੁਦਾ (ਯੂਹੰਨਾ 14:23) ਅਤੇ ਮਸੀਹ (ਅਫ਼ਸੀਆਂ 3:17; ਕੁਲੁੱਸੀਆਂ 1:27) ਅਤੇ ਪਵਿੱਤਰ ਆਤਮਾ (1 ਕੁਰਿੰਥੀਆਂ 6:19, 20) ਸਾਡੇ ਅੰਦਰ ਵਾਸ ਕਰਦੇ ਹਨ। ਅਸੀਂ ਹਰ ਰੋਜ਼ ਪਿਤਾ, ਯਿਸੂ ਮਸੀਹ (1 ਯੂਹੰਨਾ 1:3) ਅਤੇ ਪਵਿੱਤਰ ਆਤਮਾ (ਰੋਮੀਆਂ 8:5) ਦੀ ਸੰਗਤ ਵਿਚ ਚੱਲਦੇ ਹਾਂ।

ਮੂਸਾ ਪੱਥਰ ਦੀਆਂ ਦੋ ਤਖ਼ਤੀਆਂ ਤੇ ਉੱਕਰੀ ਉਨ੍ਹਾਂ ਹੁਕਮਾਂ ਦੀ ਪਹਿਲੀ ਪੜ੍ਹਤ ਲੈ ਕੇ ਜਦ ਸੀਨੈ ਪਹਾੜ ਤੋਂ ਥੱਲੇ ਆਇਆ ਤਾਂ ਉਸਨੇ ਇਸਰਾਏਲੀਆਂ ਨੂੰ ਸੋਨੇ ਦਾ ਵੱਛਾ ਬਣਾ ਕੇ ਉਹਦੀ ਪੂਜਾ ਕਰਦਿਆਂ ਵੇਖਿਆ। ਉਸਨੇ ਉਹ ਤਖ਼ਤੀਆਂ ਜ਼ਮੀਨ ਤੇ ਸੁੱਟ ਦਿੱਤੀਆਂ ਜਿਵੇਂ ਉਹ ਕਹਿ ਰਿਹਾ ਹੋਵੇ ''ਇਹ ਦਸ ਹੁਕਮ ਲੈ ਕੇ ਸੀਨੈ ਪਹਾੜ ਤੋਂ ਮੇਰੇ ਉਤਰਨ ਤੋਂ ਪਹਿਲਾਂ ਹੀ, ਤੁਸਾਂ ਲੋਕਾਂ ਨੇ ਉਨ੍ਹਾਂ ਨੂੰ ਤੋੜ ਦਿੱਤਾ ਹੈ!'' ਉਸਨੇ ਉਸ ਵੱਛੇ ਦਾ ਚੂਰਾ ਬਣਾ ਕੇ ਪਾਣੀ ਤੇ ਖਿਲਾਰ ਕੇ ਉਨ੍ਹਾਂ ਨੂੰ ਪਿਆ ਦਿੱਤਾ। ਮੂਸਾ ਡੇਰੇ ਦੇ ਫਾਟਕ ਵੱਲ ਖਲੋ ਕੇ ਉਨ੍ਹਾਂ ਨੂੰ ਆਖਣ ਲੱਗਾ, ''ਜੋ ਲੋਕ ਖ਼ੁਦਾ ਦੀ ਵੱਲ ਹਨ ਉਹ ਮੇਰੇ ਵੱਲ ਆ ਕੇ ਖੜੇ ਹੋ ਜਾਣ।'' ਓਸੇ ਵਕਤ ਲੇਵੀ ਦੀ ਗੋਤ ਬੜੀ ਦਿਲੇਰੀ, ਵਫ਼ਾਦਾਰੀ ਅਤੇ ਹਮਾਇਤ ਦੇ ਨਾਲ ਮੂਸਾ ਵੱਲ ਆ ਗਏ। ਮੂਸਾ ਨੇ ਲੇਵੀ ਦੀ ਗੋਤ ਨੂੰ ਡੇਰੇ ਵਿਚ ਜਾ ਕੇ ਉਸ ਵੱਛੇ ਦੀ ਪੂਜਾ ਕਰਨ ਵਾਲੇ ਦੋਸ਼ੀਆਂ ਨੂੰ ਮਾਰਨ ਦਾ ਹੁਕਮ ਦਿੱਤਾ। ਉਨ੍ਹਾਂ ਨੇ ਵਫ਼ਾਦਾਰੀ ਨਾਲ ਉਸਦੇ ਇਸ ਹੁਕਮ ਦਾ ਪਾਲਨ ਕਰਕੇ ਖ਼ੁਦਾ ਦੇ ਨਿਆਂ ਨੂੰ ਪੂਰਾ ਕੀਤਾ। ਖ਼ੁਦਾ ਵੱਲ ਉਨ੍ਹਾਂ ਦੀ ਵਫ਼ਾਦਾਰੀ ਦੇ ਸਬੱਬ ਖ਼ੁਦਾ ਨੇ ਉਨ੍ਹਾਂ ਨੂੰ ਮੂਸਾ ਦੇ ਬਾਕੀ ਯੁੱਗ ਦੇ ਦੌਰਾਨ ਆਪਣੇ ਚੁਣੇ ਹੋਏ ਯਾਜਕ ਹੋਣ ਦਾ ਖ਼ਾਸ ਅਖ਼ਤਿਆਰ ਦੇ ਕੇ ਮਾਣ ਬਖ਼ਸ਼ਿਆ। ਅਮਰਾਨ ਦੇ ਪਰਿਵਾਰ ਦੇ ਲੋਕ ਉਸਦੇ ਯਾਜਕ ਸਨ ਅਤੇ ਬਾਕੀ ਲੇਵੀ ਖ਼ੁਦਾ ਦੀ ਸੇਵਾ ਵਿਚ ਉਨ੍ਹਾਂ ਦੀ ਮਦਦ ਕਰਦੇ ਸਨ। ਇਸ ਤਰ੍ਹਾਂ ਲੇਵੀਆਂ ਨੂੰ ਉਹ ਉੱਚ ਸਨਮਾਨ ਭਾਵ ਖ਼ੁਦਾ ਵੱਲੋਂ ਸੰਸਾਰ ਵਿਚ ਉਹਦੇ ਚੁਣੇ ਹੋਏ ਸੇਵਕ ਹੋਣ ਦਾ ਮਾਣ ਮਿਲਿਆ।

ਅੱਜ, ਮਸੀਹ ਵੱਲੋਂ ਦਿੱਤੇ ਗਏ ਉਸ ਮਾਣ ਨੂੰ ਕੋਈ ਵੀ ਲੈ ਸਕਦਾ ਹੈ। ਜੋ ਪੁਰਾਣੇ ਨੇਮ ਦੇ ਵੇਲੇ ਸਿਰਫ਼ ਲੇਵੀਆਂ ਨੂੰ ਹੀ ਮਿਲਦਾ ਸੀ। ਵਿਸ਼ਵਾਸ ਅਤੇ ਹੁਕਮ ਮੰਨਣ ਨਾਲ ਆਉਣ ਵਾਲੇ ਹਰ ਸ਼ਖ਼ਸ ਨੂੰ ਖ਼ੁਦਾ ਦੇ ਵੱਖ ਕੀਤੇ ਹੋਏ ਲੋਕਾਂ ਦੇ ਰੂਪ ਵਿਚ ਭਾਵ ਉਹਦੀ ਪਵਿੱਤਰ ਯਾਜਕਾਈ ਲਈ ਮਿਲਾ ਲਿਆ ਜਾਂਦਾ ਹੈ।

ਇਸ ਹੈਰਾਨ ਕਰਨ ਵਾਲੀ ਸਚਿਆਈ ਵਿਚ ਸਾਡੇ ਲਈ ਇਕ ਸੰਦੇਸ਼ ਹੈ। ਪਹਿਲਾਂ, ਇਸ ਨਾਲ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਖ਼ੁਦਾ ਨੇ ਆਪਣੇ ਛੁਡਾਏ ਹੋਏ ਲੋਕਾਂ ਨੂੰ ਆਪਣੀ ਨਜ਼ਰ ਵਿਚ ਮਹਤੱਤਾ ਦਿੱਤੀ ਹੈ। ਸਾਨੂੰ ਜੋ ਪਹਿਲਾਂ ਕੁਝ ਵੀ ਨਹੀਂ ਸਾਂ ਖ਼ੁਦਾ ਦੀ ਖ਼ਾਸ ਪਰਜਾ ਹੋਣ ਦੇ ਲਈ ਉੱਚਾ ਚੁੱਕਿਆ ਗਿਆ ਹੈ। ਅਸੀਂ ''ਲੋਕ'' ਹੀ ਨਹੀਂ, ਬਲਕਿ ''ਖ਼ੁਦਾ ਦੇ ਲੋਕ'' ਹਾਂ। ਇਸਦੇ ਇਲਾਵਾ, ਇਸ ਸਚਿਆਈ ਨਾਲ ਸੰਸਾਰ ਵਿਚ ਸਾਡਾ ਮਕਸਦ ਵੀ ਸਾਫ਼ ਹੋ ਜਾਣਾ ਚਾਹੀਦਾ ਹੈ। ਅਸੀਂ ਖ਼ਾਸ ਅਰਥ ਵਿਚ ਖ਼ੁਦਾ ਦੇ ਸੇਵਕ ਹਾਂ। ਇਸਦੇ ਇਲਾਵਾ ਇਸ ਸਚਿਆਈ ਨਾਲ ਸ਼ੁਕਰਗੁਜ਼ਾਰੀ ਦਾ ਨਾ ਖ਼ਤਮ ਹੋਣ ਵਾਲਾ ਚਾਲ-ਚਲਨ ਸਾਡੇ ਅੰਦਰ ਪੈਦਾ ਹੋਣਾ ਚਾਹੀਦਾ ਹੈ। ਅੱਜ ਅਸੀਂ ਇੱਥੇ ਸਿਰਫ਼ ਖ਼ੁਦਾ ਦੀ ਕਿਰਪਾ ਨਾਲ ਹੀ ਹਾਂ।

## ਖ਼ੁਦਾ ਤਕ ਯਾਜਕਾਈ ਪਹੁੰਚ

ਮਸੀਹ ਦੀ ਰੂਹਾਨੀ ਦੇਹ ਦੇ ਅੰਗਾਂ ਦੀ ਖ਼ੁਦਾ ਤਕ ਯਾਜਕਾਈ ਪਹੁੰਚ ਹੈ। ਸਾਨੂੰ ਉਸ ਤਕ ਪਹੁੰਚਣ ਦੇ ਲਈ ਕਿਸੇ ਦੂਸਰੇ ਮਨੁੱਖ ਦੀ ਮਦਦ ਦੀ ਲੋੜ ਨਹੀਂ ਹੈ। ਸਾਨੂੰ ਮਸੀਹ ਦੇ ਰਾਹੀਂ ਖ਼ੁਦਾ ਤਕ ਜਾਣ ਦੀ ਖੁੱਲ੍ਹ ਮਿਲੀ ਹੈ।

ਯਹੂਦੀ ਲੋਕ ਖ਼ੁਦਾ ਤਕ ਸਿਰਫ਼ ਮਨੁੱਖੀ ਯਾਜਕ ਦੇ ਰਾਹੀਂ ਹੀ ਪਹੁੰਚ ਸਕਦੇ ਸਨ। ਖ਼ੁਦਾ

ਯਹੂਦੀਆਂ ਨਾਲ ਕਿਸੇ ਨਬੀ ਜਾਂ ਯਾਜਕ ਦੇ ਰਾਹੀਂ ਗੱਲ ਕਰਦਾ ਸੀ ਅਤੇ ਯਹੂਦੀ ਲੋਕ ਖ਼ੁਦਾ ਦੇ ਕੋਲ਼ ਯਾਜਕ ਦੇ ਰਾਹੀਂ ਹੀ ਕੁਰਬਾਨੀਆਂ ਲਿਆਉਂਦੇ ਸੀ। ਯਹੂਦੀ ਲੋਕਾਂ ਲਈ ਉਨ੍ਹਾਂ ਦੇ ਅਤੇ ਖ਼ੁਦਾ ਦੇ ਵਿਚਲੇ ਫ਼ਾਸਲੇ ਮਿਟਾਉਣ ਦੇ ਲਈ ਇਕ ਇਨਸਾਨੀ ਵਿਚੋਲਾ ਜ਼ਰੂਰੀ ਹੁੰਦਾ ਸੀ।

ਹੁਣ ਮਸੀਹ ਵਿਚ, ਮਸੀਹੀ ਵਿਅਕਤੀ ਯਿਸੂ ਦੇ ਰਾਹੀਂ ਸਿੱਧਾ ਖ਼ੁਦਾ ਤਕ ਜਾ ਸਕਦਾ ਹੈ। ਸਲੀਬ ਦੇ ਦੇ ਰਾਹੀਂ ਮਨੁੱਖ ਅਤੇ ਖ਼ੁਦਾ ਵਿਚਲੀਆਂ ਸਭ ਰੁਕਾਵਟਾਂ ਯਹੂਦੀ ਅਤੇ ਹੋਰ ਕੌਮਾਂ ਲਈ ਹਟਾ ਦਿੱਤੀਆਂ ਗਈਆਂ ਹਨ। ਉਸ ਏਕਤਾ ਦੇ ਹਿੱਸੇ ਦੇ ਇਕ ਸਿਰੇ ਤੇ ਜਿੱਥੇ ਯਹੂਦੀ ਅਤੇ ਗ਼ੈਰ ਕੌਮਾਂ ਮਸੀਹ ਵਿਚ ਮਿਲਦੇ ਹਨ, ਪੌਲੁਸ ਨੇ ਇਸ ਪਹੁੰਚ ਦਾ ਵਰਣਨ ਕੀਤਾ, ''ਕਿਉਂ ਜੋ ਓਸੇ ਦੇ ਦੁਆਰਾ ਇੱਕੋ ਆਤਮਾ ਵਿਚ ਪਿਤਾ ਵੱਲ ਅਸਾਂ ਦੋਹਾਂ ਦੀ ਢੋਈ ਹੁੰਦੀ ਹੈ'' (ਅਫ਼ਸੀਆਂ 2:18)। ਬਾਅਦ ਵਿਚ ਪੌਲੁਸ ਨੇ ਲਿਖਿਆ, ''ਜਿਹਦੇ ਵਿਚ ਉਸ ਉੱਤੇ ਨਿਹਚਾ ਕਰਨ ਦੇ ਦੁਆਰਾ ਸਾਨੂੰ ਦਲੇਰੀ ਅਤੇ ਢੋਈ ਭਰੋਸੇ ਨਾਲ ਪ੍ਰਾਪਤ ਹੁੰਦੀ ਹੈ'' (ਅਫ਼ਸੀਆਂ 3:12)। ਮਸੀਹੀ ਵਿਅਕਤੀ ਨੂੰ ਖ਼ੁਦਾ ਵੱਲ ਆਉਣ ਲਈ ਇਕ ਵਿਚੋਲੇ ਦੇ ਰੂਪ ਵਿਚ ਸਿਰਫ਼ ਯਿਸੂ ਮਸੀਹ ਦੀ ਹੀ ਲੋੜ ਹੈ: ''ਕਿਉਂ ਜੋ ਪਰਮੇਸ਼ੁਰ ਇੱਕੋ ਹੈ ਅਰ ਪਰਮੇਸ਼ੁਰ ਅਤੇ ਮਨੁੱਖਾਂ ਵਿਚ ਇੱਕੋ ਵਿਚੋਲਾ ਹੈ ਜਿਹੜਾ ਆਪ ਮਨੁੱਖ ਹੈ ਭਾਵ ਮਸੀਹ ਯਿਸੂ'' (1 ਤਿਮੋਥਿਉਸ 2:5)।

ਮੈਂ ਆਪਣੀ ਜ਼ਿੰਦਗੀ ਵਿਚ ਦੋ ਪ੍ਰਧਾਨ ਵੇਖੇ ਹਨ। ਦੋਹਾਂ ਵਿੱਚੋਂ ਹਾਰਡਿੰਗ ਯੂਨੀਵਰਸਿਟੀ ਦਾ ਪ੍ਰਧਾਨ ਮੇਰੇ ਬਹੁਤਾ ਨੇੜੇ ਹੈ, ਜਿੱਥੇ ਮੈਂ ਹਰ ਰੋਜ਼ ਬਾਈਬਲ ਪੜ੍ਹਾਉਣ ਜਾਂਦਾ ਹਾਂ। ਉਹ ਮੇਰਾ ਬੌਸ ਹੈ। ਮੈਂ ਉਨ੍ਹਾਂ ਨੂੰ ਚੈਪਲ ਵਿਚ ਰੋਜ਼ ਵੇਖਦਾ ਹਾਂ, ਅਧਿਆਪਕਾਂ ਦੀਆਂ ਸਭਾਵਾਂ ਵਿਚ ਅਤੇ ਹਾਲ ਵਿਚ ਮੈਂ ਅਕਸਰ ਉਹਦੇ ਨਾਲ ਗੱਲ ਬਾਤ ਕਰਦਾ ਹਾਂ। ਮੈਂ ਉਨ੍ਹਾਂ ਨੂੰ ਸਮਾਜਿਕ ਪ੍ਰੋਗਰਾਮਾਂ ਵਿਚ ਮਿਲਦਾ ਹਾਂ। ਅਤੇ ਕਾਲਜ ਚਰਚ ਵਿਚ ਬੰਦਗੀ ਦੇ ਵੇਲੇ ਅਸੀਂ ਇੱਕਠੇ ਹੁੰਦੇ ਹਾਂ। ਮੈਂ ਉਨ੍ਹਾਂ ਨਾਲ ਅਕਸਰ ਗੱਲਬਾਤ ਕਰਦਾ ਰਹਿੰਦਾ ਹਾਂ। ਮੈਂ ਉਨ੍ਹਾਂ ਦੇ ਨੇੜੇ ਹਾਂ ਕਿ ਮੈਂ ਉਨ੍ਹਾਂ ਨੂੰ ਆਪਣਾ ਨਿੱਜੀ ਦੋਸਤ ਆਖਦਾ ਹਾਂ। ਮੈਂ ਉਨ੍ਹਾਂ ਨੂੰ ਦਿਨ ਵੇਲੇ ਕਈ ਵਾਰ ਟੈਲੀਫ਼ੋਨ ਕਰ ਸਕਦਾ ਹਾਂ ਅਤੇ ਕਿਸੇ ਵੀ ਵਿਸ਼ੇ ਤੇ ਗੱਲ ਕਰਨ ਦੀ ਇਜਾਜ਼ਤ ਲੈ ਸਕਦਾ ਹਾਂ। ਜੇ ਉਹ ਮੇਰੇ ਫ਼ੋਨ ਦਾ ਜਵਾਬ ਦੇਣ ਲਈ ਨਹੀਂ ਮਿਲਦੇ ਤਾਂ ਜਿੰਨੀ ਛੇਤੀ ਹੋ ਸਕੇ ਮੇਰੇ ਫ਼ੋਨ ਦਾ ਜਵਾਬ ਦੇ ਦਿੰਦੇ ਹਨ।

ਮੇਰੀ ਜ਼ਿੰਦਗੀ ਵਿਚ ਦੂਜਾ ਪ੍ਰਧਾਨ ਅਮਰੀਕਾ ਦਾ ਰਾਸ਼ਟਰਪਤੀ ਹੈ। ਮੇਰੀ ਉਨ੍ਹਾਂ ਨਾਲ ਕਦੇ ਆਹਮੋ ਸਾਹਮਣੇ ਭੇਂਟ ਨਹੀਂ ਹੋਈ। ਮੈਂ ਉਨ੍ਹਾਂ ਨੂੰ ਆਮਨੇ ਸਾਹਮਣੇ ਇੱਕੋ ਵਾਰ ਹੀ ਵੇਖਿਆ ਹੈ ਉਹ ਵੀ ਕੁਝ ਫ਼ਾਸਲੇ ਤੋਂ ਜਦ ਉਹ ਇਕ ਪ੍ਰੇਡ ਵਿਚ ਆਪਣੀ ਕਾਰ ਚ ਸਨ। ਮੈਂ ਉਨ੍ਹਾਂ ਬਾਰੇ ਜੋ ਵੀ ਜਾਣਦਾ ਹਾਂ ਉਹ ਸਾਰਾ ਮੈਨੂੰ ਅਖ਼ਬਾਰਾਂ ਪੜ੍ਹਨ ਜਾਂ ਟੀਵੀ ਵੇਖਣ ਨਾਲ ਪਤਾ ਲੱਗਾ ਹੈ। ਮੈਂ ਉਨ੍ਹਾਂ ਨੂੰ ਆਪਣਾ ਦੋਸਤ ਨਹੀਂ ਕਹਿ ਸਕਦਾ। ਮੈਂ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਬਾਰੇ ਕੁਝ ਵੀ ਨਹੀਂ ਜਾਣਦੇ। ਅਤੇ ਉਹ ਵੀ ਮੇਰੀ ਨਿੱਜੀ ਜ਼ਿੰਦਗੀ ਬਾਰੇ ਕੁਝ ਵੀ ਨਹੀਂ ਜਾਣਦੇ। ਜੇ ਮੈਨੂੰ ਕਿਸੇ ਜ਼ਰੂਰੀ ਵਿਸ਼ੇ ਤੇ ਉਨ੍ਹਾਂ ਨਾਲ ਗੱਲ ਕਰਨੀ ਹੋਵੇ, ਤਾਂ ਮੈਨੂੰ ਉਨ੍ਹਾ ਨਾਲ ਗੱਲ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਮੇਰੇ ਨਾਲ ਇਹੀ ਵਾਅਦਾ ਕੀਤਾ ਜਾਵੇਗਾ ਕਿ ਮੇਰੇ ਸੰਦੇਸ਼ ਉਨ੍ਹਾਂ ਤਕ ਪਹੁੰਚ ਜਾਵੇਗਾ। ਉਨ੍ਹਾਂ ਦੀ ਦੁਨੀਆਂ ਮੇਰੀ ਦੁਨੀਆਂ ਨਾਲੋਂ ਬਹੁਤ ਫ਼ਰਕ ਹੈ। ਮੈਂ ਉਨ੍ਹਾਂ ਦੀ ਜ਼ਿੰਦਗੀ ਅਤੇ ਸ਼ਕਤੀ ਵਿਚ ਸਿਰਫ਼ ਵੋਟ ਪਾਉਣ ਵਾਲੀ ਮਸ਼ੀਨ ਰਾਹੀਂ ਪਹੁੰਚ ਸਕਦਾ ਹਾਂ ਜਦ ਹਰ ਚਾਰ ਸਾਲ ਬਾਅਦ ਸਾਡੇ ਦੇਸ਼ ਦੇ ਰਾਸ਼ਟਰਪਤੀ ਦੀ ਚੋਣ ਹੁੰਦੀ ਹੈ। ਉਨ੍ਹਾਂ ਵੱਲੋਂ ਕੀਤੇ ਗਏ ਕੰਮਾਂ ਤੋਂ ਥੋੜ੍ਹਾ ਜਿਹਾ ਪ੍ਰਭਾਵਿਤ ਹੁੰਦਾ ਹਾਂ, ਪਰ ਉਹ ਮੈਨੂੰ ਕਦੇ ਨਹੀਂ ਵੇਖਦੇ, ਸਿਰਫ਼ ਮੈਂ ਹੀ ਉਨ੍ਹਾਂ ਨੂੰ ਦੂਰ ਤੋਂ ਵੇਖ ਸਕਦਾ ਹਾਂ।

ਇਨ੍ਹਾਂ ਦੋ ਪ੍ਰਧਾਨਾਂ ਵਿਚ ਕੀ ਫ਼ਰਕ ਹੈ? ਸਿਰਫ਼ ਇਹੀ ਕਿ ਮੈਂ ਇਕ ਦੇ ਕੋਲ਼ ਪਹੁੰਚ ਸਕਦਾ ਹਾਂ ਪਰ ਦੂਜੇ ਕੋਲ ਮੇਰੀ ਕੋਈ ਪਹੁੰਚ ਨਹੀਂ ਹੈ। ਫ਼ਰਕ ਉਸ ਸ਼ਬਦ ''ਪਹੁੰਚ'' ਵਿਚ ਹੈ। ਕਿਉਂਕਿ ਮੈਂ ਇਕ

ਮਸੀਹੀ ਹਾਂ, ਇਸ ਲਈ ਖ਼ੁਦਾ ਨਾਲ ਮੇਰੇ ਸਬੰਧ ਦੀ ਤੁਲਨਾ ਹਾਰਡਿੰਗ ਯੂਨੀਵਰਸਿਟੀ ਦੇ ਪ੍ਰਧਾਨ ਨਾਲ ਮੇਰੇ ਸਬੰਧ ਨਾਲ ਕੀਤੀ ਜਾਵੇਗੀ। ਮੈਂ ਮਸੀਹ ਦੇ ਰਾਹੀਂ ਖ਼ੁਦਾ ਕੋਲ਼ ਅਜ਼ਾਦੀ ਨਾਲ ਬੇ-ਰੋਕ-ਟੋਕ ਜਾ ਸਕਦਾ ਹਾਂ। ਮੈਂ ਕਿਸੇ ਵਕਤ ਵੀ ਦੁਆ ਵਿਚ ਉਸ ਤਕ ਪਹੁੰਚ ਸਕਦਾ ਹਾਂ। ਮੈਂ ਉਸਦੀ ਸੰਗਤ ਅਤੇ ਸਮੱਰਥਾ ਵਿਚ ਹਰ ਰੋਜ਼ ਚੱਲਦਾ ਹਾਂ। ਉਹ ਸਰਬਸ਼ਕਤੀਮਾਨ ਖ਼ੁਦਾ ਹੈ ਇਸ ਕਰਕੇ ਜਦ ਮੈਂ ਦੁਆ ਕਰਦਾ ਹਾਂ ਤਾਂ ਉਸ ਨੂੰ ਮੈਨੂੰ ਉਡੀਕ ਕਰਾਉਣ ਜਾਂ ਬਾਅਦ ਵਿਚ ਗੱਲ ਕਰਨ ਦੀ ਲੋੜ ਨਹੀਂ ਪੈਂਦੀ। ਮਸੀਹ ਦੇ ਕਰਕੇ, ਉਹਦੀ ਹਜ਼ੂਰੀ ਦਾ ਦਰਵਾਜ਼ਾ ਮੇਰੇ ਲਈ ਥੋੜ੍ਹਾ ਜਿਹਾ ਖੁੱਲ੍ਹਾ ਰਹਿੰਦਾ ਹੈ। ਉਹ ਮੈਨੂੰ ਆਪਣੀ ਹਜ਼ੂਰੀ ਵਿਚ ਆਉਣ ਦੀ ਨਾ ਸਿਰਫ਼ ਇਜਾਜ਼ਤ ਦਿੰਦਾ ਹੈ, ਅੰਦਰ ਆਉਣ ਤੇ ਮੇਰਾ ਸੁਆਗਤ ਵੀ ਕਰਦਾ ਹੈ। ਉਹ ਮੇਰੀ ਸੰਗਤੀ ਚਾਹੁੰਦਾ ਹੈ ਅਤੇ ਮੈਂ ਉਸਦੀ। ਉਹ ਸਚਮੁੱਚ ਮੇਰਾ ਸੁਰਗੀ ਪਿਤਾ ਹੈ।

ਮੂਸਾ ਦੀ ਸ਼ਰ੍ਹਾ ਦੇ ਅਧੀਨ ਰਹਿਣ ਵਾਲੇ ਯਹੂਦੀ ਖ਼ੁਦਾ ਤਕ ਇਵੇਂ ਨਹੀਂ ਪਹੁੰਚ ਸਕਦੇ ਸਨ ਜਿਵੇਂ ਮੈਂ ਮਸੀਹੀ ਹੋਣ ਕਰਕੇ। ਉਹ ਲੇਵੀ ਯਾਜਕਾਂ ਦੇ ਰਾਹੀਂ ਖ਼ੁਦਾ ਕੋਲ ਜਾਂਦੇ ਸਨ। ਖ਼ੁਦਾ ਉਨ੍ਹਾਂ ਨਾਲ ਰਹਿੰਦਾ ਸੀ। ਪਰ ਉਸ ਤਕ ਪਹੁੰਚ ਸਿਰਫ਼ ਇਨਸਾਨੀ ਯਾਜਕਾਈ ਰਾਹੀਂ ਸੰਭਵ ਸੀ।

ਯਾਜਕਾਈ ਇਸ ਪਹੁੰਚ ਨਾਲ ਜੋ ਮਸੀਹੀ ਲੋਕਾਂ ਨੂੰ ਮਿਲੀ ਹੈ ਨਾ ਸਿਰਫ਼ ਸਾਨੂੰ ਹੌਸਲਾ ਹੋਣਾ ਚਾਹੀਦਾ ਹੈ, ਸਗੋਂ ਸਾਨੂੰ ਉਸਦੀ ਊਰਜਾ ਮਿਲਣੀ ਚਾਹੀਦੀ ਹੈ। ਖ਼ੁਦਾ ਆਪਣੀ ਹਜ਼ੂਰੀ ਵਿਚ ਸਾਡਾ ਸੁਆਗਤ ਕਰਦਾ ਹੈ, ਸਾਡੀ ਸੰਗਤ ਨਾਲ ਖ਼ੁਸ਼ ਹੁੰਦਾ ਹੈ ਅਤੇ ਇਕ ਪਿਤਾ ਵੱਲੋਂ ਆਪਣੇ ਬੱਚਿਆਂ ਨੂੰ ਆਪਣੇ ਕੋਲ਼ ਆਉਣ ਦੀ ਆਗਿਆ ਦੇਣ ਵਾਂਗ ਉਹ ਸਾਨੂੰ ਆਪਣੇ ਤਕ ਆਉਣ ਦੀ ਖੁੱਲ ਦਿੰਦਾ ਹੈ। ਆਓ ਖ਼ੁਦਾ ਦੇ ਨਾਲ ਸੰਗਤੀ ਦੇ ਇਸ ਮੌਕੇ ਨੂੰ ਪ੍ਰਾਰਥਨਾ ਸੰਗਤ ਅਤੇ ਰੂਹਾਨੀ ਸੇਵਾ ਦੇ ਨਾਲ ਕੰਮ ਵਿਚ ਲਿਆਈਏ।

## ਖ਼ੁਦਾ ਦੇ ਵਾਸਤੇ ਯਾਜਕਾਈ ਦਾ ਕੰਮ

ਮਸੀਹੀ ਹੋਣ ਦੇ ਨਾਤੇ ਸਾਨੂੰ ਯਾਜਕਾਈ ਦਾ ਕੰਮ ਮਿਲਿਆ ਹੈ। ਅਸੀਂ ਯਾਜਕਾਂ ਦਾ ਕੰਮ ਕਰਦੇ ਹਾਂ।

ਪੁਰਾਣੇ ਨੇਮ ਦੇ ਸਮੇਂ, ਯਾਜਕ ਪੂਰੇ ਇਸਰਾਏਲ ਲਈ ਖ਼ੁਦਾ ਦੇ ਹਜ਼ੂਰ ਕੁਰਬਾਨੀਆਂ ਚੜ੍ਹਾਉਂਦੇ ਸਨ। ਖ਼ੁਦਾ ਦੀ ਬੰਦਗੀ ਦੇ ਸਮੇਂ ਵੇਦੀ ਦੇ ਪਵਿੱਤਰ ਥਾਂ ਤੇ ਸਿਰਫ਼ ਯਾਜਕ ਹੀ ਸ਼ਾਮਿਲ ਹੁੰਦੇ ਸੀ। ਯਾਜਕਾਂ ਦੇ ਰਾਹੀਂ ਵੇਦੀ ਵਿਚ ਆਮ ਇਸਰਾਏਲੀਆਂ ਦੇ ਵੇਦੀ ਦੇ ਦਰਵਾਜ਼ੇ ਤੇ ਖੜੇ ਹੋਣ ਤੇ, ਉਨ੍ਹਾਂ ਦੇ ਬਦਲੇ ਵਿਚ ਕੰਮ ਕੀਤਾ ਜਾਂਦਾ ਸੀ। ਪ੍ਰਾਸਚਿਤ ਦੇ ਮਹਾਨ ਦਿਨ ਬਲੀਦਾਨ ਦਾ ਲਹੂ ਲੈਕੇ ਦਾਖ਼ਲ ਹੁੰਦਾ ਸੀ, ਜਿਸਦੇ ਦੇ ਰਾਹੀਂ ਪ੍ਰਾਸਚਿਤ ਦੇ ਅਗਲੇ ਦਿਨ ਪੂਰੀ ਕੌਮ ਦੇ ਪਾਪ ਧੋਤੇ ਜਾਂਦੇ ਸਨ। ਬੰਦਗੀ ਦੇ ਇਨ੍ਹਾਂ ਫਰਜ਼ਾਂ ਦੇ ਇਲਾਵਾ, ਯਾਜਕਾਂ ਨੂੰ ਖ਼ੁਦਾ ਵੱਲੋਂ ਸਾਰੇ ਇਸਰਾਏਲ ਵਿਚ ਉਹਦੇ ਨੇਮ ਸਿਖਾਉਣ ਦੀ ਖ਼ਾਸ ਹੁਕਮ ਸੀ ਤਾਂ ਜੋ ਉਸਦੀ ਕੌਮ ਦੇ ਲੋਕ ਆਪਣੇ ਲਈ ਉਹਦੀ ਮਰਜ਼ੀ ਨਾਲ ਭਰੋਸੇਯੋਗ ਹੋਣ।

ਪੁਰਾਣੇ ਨੇਮ ਦੇ ਵਕਤ ਯਾਜਕਾਂ ਦੇ ਇਨ੍ਹਾਂ ਪਵਿੱਤਰ ਕੰਮਾਂ ਵਾਂਙੂੰ ਇਸ ਮਸੀਹੀ ਯੁੱਗ ਵਿਚ ਮਸੀਹੀਆਂ ਨੂੰ ਕੰਮ ਕਰਨ ਲਈ ਆਖਿਆ ਜਾਂਦਾ ਹੈ। ਮਸੀਹੀ ਯੁੱਗ ਵਿਚ ਜਾਨਵਰਾਂ ਦੀ ਕੁਰਬਾਨੀ ਨਹੀਂ ਦਿੱਤੀ ਜਾਂਦੀ, ਸਗੋਂ ਮਸੀਹੀ ਲੋਕ ਭਜਨ ਗਾਉਣ, ਦੁਆ ਕਰਨ, ਪ੍ਰਭੂ ਭੋਜ ਲੈਣ, ਚੰਦਾ ਦੇਣ, ਖ਼ੁਦਾ ਦੇ ਵਚਨ ਦਾ ਅਧਿਐਨ ਕਰਨ, ਅਤੇ ਖ਼ੁਦਾ ਨੂੰ ਰੂਹਾਨੀ ਕੁਰਬਾਨੀ ਦਿੰਦੇ ਹਨ। ਗਾਉਣ ਬਾਰੇ ਇਬਰਾਨੀਆਂ ਦੀ ਪੱਤਰੀ ਦੇ ਲੇਖਕ ਨੇ ਇਵੇਂ ਕਿਹਾ ਹੈ, ‘‘ਸੋ ਅਸੀਂ ਉਹ ਦੇ ਦੁਆਰਾ ਉਸਤਤ ਦਾ ਬਲੀਦਾਨ ਭਾਵ ਉਨ੍ਹਾਂ ਬੁੱਲ੍ਹਾਂ ਦਾ ਫਲ ਜਿਹੜੇ ਉਹ ਦੇ ਨਾਮ ਨੂੰ ਮੰਨ ਲੈਂਦੇ ਹਨ ਪਰਮੇਸ਼ੁਰ ਦੇ ਅੱਗੇ ਸਦਾ ਚੜ੍ਹਾਇਆ ਕਰੀਏ’’ (ਇਬਰਾਨੀਆਂ 13:15)। ਪ੍ਰਕਾਸ਼ ਦੀ ਪੋਥੀ ਵਿਚ ਸੰਕੇਤਿਕ ਭਾਸ਼ਾ ਵਿਚ, ਧਰਤੀ ਤੇ ਪਵਿੱਤਰ ਲੋਕਾਂ ਦੀਆਂ ਦੁਆਵਾਂ ਦਾ ਵਰਣਨ ਸੋਨੇ ਦੀ ਵੇਦੀ ਤੇ ਰੱਖੇ ਗਏ ਧੂਫ਼ ਦੇ ਰੂਪ ਵਿਚ ਕੀਤਾ ਗਿਆ ਹੈ (ਪ੍ਰਕਾਸ਼ ਦੀ ਪੋਥੀ 8:3)। ਧਰਤੀ ਤੇ ਕਲੀਸੀਆਈ ਖੂਬਸੂਰਤੀ ਨੂੰ ਵਧਾਉਣ ਵਾਲੇ

ਉਦੇਸ਼ ਵਿੱਚੋਂ ਇਕ ''ਆਤਮਕ ਬਲੀਦਾਨ ਚੜ੍ਹਾਓ ਜਿਹੜੇ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਨੂੰ ਭਾਉਂਦੇ ਹਨ'' (1 ਪਤਰਸ 2:5)। ਇਬਰਾਨੀਆਂ ਦੀ ਪੱਤਰੀ ਦੇ ਲੇਖਕ ਨੇ ਖ਼ੁਦਾ ਦੀ ਹਜ਼ੂਰੀ ਨੂੰ ਮਸੀਹ ਦੇ ਲਹੂ ਦੇ ਰਾਹੀਂ ਲੋਕਾਂ ਲਈ ਖੁੱਲ੍ਹਾ ਹੋਇਆ ਵਿਖਾਉਂਦਾ ਹੈ:

> ਉਪਰੰਤ ਹੇ ਭਰਾਵੋ, ਜਦੋਂ ਸਾਨੂੰ ਯਿਸੂ ਦੇ ਲਹੂ ਦੇ ਕਾਰਨ ਪਵਿੱਤਰ ਅਸਥਾਨ ਦੇ ਅੰਦਰ ਜਾਣ ਦੀ ਦਿਲੇਰੀ ਹੈ। ਭਾਵ ਓਸ ਨਵੇਂ ਅਤੇ ਜੀਉਂਦੇ ਰਾਹ ਥੀਂ ਜਿਹੜਾ ਉਹ ਨੇ ਪੜਦੇ ਮਾਨੋ ਆਪਣੇ ਸਰੀਰ ਥਾਣੀ ਸਾਡੇ ਲਈ ਖੋਲਿਆ। ਅਤੇ ਜਦੋਂ ਸਾਡਾ ਇਕ ਮਹਾ ਯਾਜਕ ਹੈ ਜਿਹੜਾ ਪਰਮੇਸ਼ੁਰ ਦੇ ਘਰ ਦੇ ਉੱਤੇ ਹੈ । ਤਾਂ ਆਓ, ਅਸੀਂ ਸੱਚੇ ਦਿਲ ਅਤੇ ਪੂਰੀ ਨਿਹਚਾ ਨਾਲ ਜਦੋਂ ਸਾਡੇ ਦਿਲ ਅਸ਼ੁੱਧ ਅੰਤਹਕਰਨ ਤੋਂ ਛਿੜਕਾਉ ਨਾਲ ਸ਼ੁੱਧ ਹੋਏ ਅਤੇ ਸਾਡੀ ਦੇਹੀ ਸਾਫ਼ ਪਾਣੀ ਨਾਲ ਨੁਲ੍ਹਾਈ ਗਈ ਨੇੜੇ ਜਾਈਏ (ਇਬਰਾਨੀਆਂ 10:19-22)।

ਮਸੀਹ ਯਿਸੂ ਸਾਡਾ ਮਹਾਨ, ਅਨਾਦੀ ਯਾਜਕ ਬਣਾਇਆ ਗਿਆ ਹੈ ਅਤੇ ਹਰ ਮਸੀਹੀ ਯਾਜਕ ਹੈ ਜੋ ਕਿਸੇ ਵੀ ਵੇਲੇ, ਕਿਤੇ ਵੀ ਉਸਦੇ ਰਾਹੀਂ ਖ਼ੁਦਾ ਦੇ ਕੋਲ ਆ ਸਕਦਾ ਹੈ। ਸਾਡੇ ਮੁਕਤੀਦਾਤਾ ਨੇ ਸਾਡੇ ਲਈ ''ਆਪਣੇ ਹੀ ਲਹੂ ਦੇ ਰਾਹੀਂ ਪਵਿੱਤਰ ਅਸਥਾਨਾਂ ਦੇ ਅੰਦਰ ਸਦੀਪਕ ਨਿਸਤਾਰਾ ਕਮਾ ਕੇ ਇੱਕੋ ਵਾਰ ਅੰਦਰ ਗਿਆ'' (ਇਬਰਾਨੀਆਂ 9:12)। ਪੁਰਾਣੇ ਨੇਮ ਦੇ ਪ੍ਰਧਾਨ ਯਾਜਕ ਪਸ਼ੂਆਂ ਦਾ ਬਲੀਦਾਨ ਭੇਂਟ ਕਰਦੇ ਸਨ ਅਤੇ ਪੂਰੀ ਕੌਮ ਦੇ ਪ੍ਰਾਸਚਿਤ ਲਈ ਸਾਲ ਵਿਚ ਇੱਕੋ ਵਾਰ ਲਹੂ ਲੈ ਕੇ ਜਾਂਦੇ ਸਨ ਪਰ ਮਸੀਹ ਆਪਣੀ ਹੀ ਕੁਰਬਾਨੀ ਲੈ ਕੇ ਸੁਰਗ ਵਿਚ ਗਿਆ ਹੈ (ਇਬਰਾਨੀਆਂ 9:24, 25)। ਹੁਣ ਉਸ ਨਿੱਜੀ ਕੁਰਬਾਨੀ ਦੇ ਰਾਹੀਂ ਜੋ ਮਸੀਹ ਨੇ ਦਿੱਤੀ ਹੈ, ਉਹ ਸਦਾ ਲਈ ਸਾਡਾ ਪ੍ਰਧਾਨ ਯਾਜਕ ਬਣਿਆ ਰਹਿੰਦਾ ਹੈ। ਇਸ ਤਰ੍ਹਾਂ ਖ਼ੁਦਾ ਅੱਗੇ ਸਾਡੇ ਲਈ ਇਕ ਨਿੱਜੀ ਯਾਜਕਾਈ ਮੁਹੱਈਆ ਕਰਵਾਉਂਦਾ ਹੈ। ਇਸੇ ਲਈ ਮਸੀਹੀ ਲੋਕਾਂ ਨੂੰ ਹੁਕਮ ਹੈ ਕਿ ਖ਼ੁਦਾ ਦੇ ਵਚਨ ਨੂੰ ਸਾਰੇ ਸੰਸਾਰ ਵਿਚ ਪਹੁੰਚਾਉਣ ਤਾਂ ਜੋ ਸਭ ਲੋਕ ਮੁਕਤੀ ਹਾਸਲ ਕਰਨ ਵਾਲੇ ਉਹਦੀ ਕਿਰਪਾ ਨੂੰ ਜਾਣ ਲੈਣ (ਮਰਕੁਸ 16:15, 16)।

ਆਮ ਤੌਰ ਤੇ ਕਿਸੇ ਦਸਤਕਾਰੀ ਦੇ ਕੰਮ ਨਾਲ ਉਹਦੀ ਪਛਾਣ ਹੁੰਦੀ ਹੈ। ਇਕ ਲੰਮੀ ਹੱਥੀ ਅਤੇ ਮਿੱਟੀ ਪੁੱਟਣ ਲਈ ਉਹਦੇ ਸਿਰੇ ਤੇ ਤੇਜ਼ਧਾਰ ਪੱਤੀ ਲੱਗੀ ਹੋਣ ਤੇ ਅਸੀਂ ਕਿਸੇ ਔਜ਼ਾਰ ਨੂੰ ਰੰਬਾ ਕਹਿ ਸਕਦੇ ਹਾਂ। ਕਿਸੇ ਛੋਟੇ ਔਜ਼ਾਰ ਤੇ ਛੋਟੀ ਹੱਥੀ ਤੇ ਕਿੱਲ ਠੋਕਣ ਲਈ ਚਪਟੀ ਵਰਤੋਂ ਹੋਣ ਵਾਲੀ ਧਾਤ ਲੱਗੀ ਹੋਣ ਕਰਕੇ ਅਸੀਂ ਉਸ ਨੂੰ ਹਥੌੜੀ ਆਖ ਸਕਦੇ ਹਾਂ। ਕਿਉਂਕਿ ਮਸੀਹੀ ਲੋਕ ਖ਼ੁਦਾ ਦੇ ਸਾਹਮਣੇ ਯਾਜਕਾਈ ਦਾ ਕੰਮ ਕਰਦੇ ਹਨ, ਇਸ ਲਈ ਸਾਨੂੰ ਹੈਰਾਨ ਨਹੀਂ ਹੋਣਾ ਚਾਹੀਦਾ ਕਿ ਨਵਾਂ ਨੇਮ ਸਾਨੂੰ ਯਾਜਕ ਆਖਦਾ ਹੈ। ਨਵੇਂ ਨੇਮ ਵਿਚ ਤਿੰਨ ਵਾਰੀ, ਮਸੀਹੀ ਲੋਕਾਂ ਨੂੰ ਖ਼ਾਸ ਆਤਮਾ ਨਾਲ ਯਾਜਕ ਦੇ ਰੂਪ ਵਿਚ (ਪ੍ਰਕਾਸ਼ ਦੀ ਪੋਥੀ 1:6; 5:10; 20:6) ਅਤੇ ਕਈ ਵਾਰ ਉਨ੍ਹਾਂ ਦੀ ਯਾਜਕਾਈ ਨੂੰ ਉਨ੍ਹਾਂ ਦੇ ਕੰਮ ਨਾਲ ਦੱਸਿਆ ਗਿਆ ਹੈ (1 ਪਤਰਸ 2:5, 9; ਇਬਰਾਨੀਆਂ 13:15)।

ਇਸ ਸਚਿਆਈ ਨਾਲ ਕਿ ਸਾਨੂੰ ਯਾਜਕਾਂ ਦੇ ਰੂਪ ਵਿਚ ਪ੍ਰਭੂ ਰਾਹੀਂ ਇਸ ਸੰਸਾਰ ਵਿਚ ਕੰਮ ਕਰਨ ਦੇ ਲਈ ਬੁਲਾਇਆ ਗਿਆ ਹੈ, ਸਾਨੂੰ ਆਪਣੇ ਕੰਮ ਅਤੇ ਸੇਵਾ ਦੀ ਮਹੱਤਤਾ ਦਾ ਸਪੱਸ਼ਟ ਦਰਸ਼ਣ ਮਿਲ ਜਾਣਾ ਚਾਹੀਦਾ ਹੈ। ਪੁਰਾਣੇ ਨੇਮ ਦਾ ਕੋਈ ਵੀ ਯਾਜਕ ਆਪਣੇ ਨੇੜੇ ਤੇੜੇ ਦੀਆਂ ਸਾਰੀਆਂ ਕਾਰਗੁਜ਼ਾਰੀਆਂ ਦੀ ਮਹੱਤਤਾ ਨੂੰ ਸਮਝਦਾ ਸੀ, ਕਿਉਂਕਿ ਉਹ ਖ਼ੁਦਾ ਦੇ ਸਾਹਮਣੇ ਬੰਦਗੀ ਤੇ ਸੇਵਾ ਵਿਚ ਉਹਦੇ ਲੋਕਾਂ ਦੀ ਅਗੁਆਈ ਦੇ ਲਈ ਖ਼ੁਦਾ ਦਾ ਇਕ ਖ਼ਾਸ ਸੇਵਕ ਹੁੰਦਾ ਸੀ। ਉਸੇ ਤਰ੍ਹਾਂ, ਅੱਜ ਖ਼ੁਦਾ ਦੀ ਪਵਿੱਤਰ ਯਾਜਕਾਈ ਦੇ ਰੂਪ ਵਿਚ, ਅਸੀਂ ਸ਼ੁਕਰਗੁਜ਼ਾਰੀ ਨਾਲ ਬੰਦਗੀ ਕਰਦੇ, ਸੇਵਾ ਕਰਦੇ ਅਤੇ ਸਿਖਾਉਂਦੇ ਹਾਂ ਕਿ ਖ਼ੁਦਾ ਨੇ ਸਾਨੂੰ ਧਰਤੀ ਤੇ ਇਹ ਲਾਸਾਨੀ ਕੰਮ ਦਿੱਤਾ ਹੈ।

ਖ਼ੁਦਾ ਦੇ ਯਾਜਕਾਂ ਦੇ ਰੂਪ ਵਿਚ ਕੰਮ ਕਰਨ ਵਾਲੇ ਹੋਣ ਕਰਕੇ ਸਾਨੂੰ ਜ਼ਿੰਮੇਵਾਰੀ ਦਾ ਅਹਿਸਾਸ ਹੋਣਾ ਚਾਹੀਦਾ ਹੈ। ਟਰੱਕ ਬਣਾਉਣ ਵਾਲੀ ਇਕ ਫ਼ਰਮ ਨੇ ਟਰੱਕ ਡਰਾਈਵਰਾਂ ਲਈ ਵੱਖੋ-ਵੱਖ ਦਿਸ਼ਾ ਵਿਚ ਭਾਰ ਲੈ ਜਾਣ ਲਈ ਬਾਹਰ ਨਿੱਕਲ ਕੇ ਗੇਟ ਤੇ ਇਕ ਸਾਈਨ-ਬੋਰਡ ਲਾਇਆ ਹੁੰਦਾ ਸੀ। ਜਿਸ ਤੇ ਲਿਖਿਆ ਹੁੰਦਾ ਸੀ, ''ਇਸ ਗੇਟ ਦੇ ਅੱਗੇ, ਤੁਸੀਂ ਕੰਪਨੀ ਦੀ ਨੁਮਾਇੰਦਗੀ ਕਰਦੇ ਹੋ।'' ਉਨ੍ਹਾਂ ਟਰੱਕ ਡਰਾਈਵਰਾਂ ਨੂੰ ਵੇਖ ਕੇ ਲੋਕਾਂ ਨੂੰ ਕੰਪਨੀ ਦਾ ਪਤਾ ਲੱਗ ਜਾਂਦਾ ਸੀ। ਖ਼ੁਦਾ ਦੇ ਯਾਜਕ ਹੋਣ ਕਰਕੇ ਅਸੀਂ ਧਰਤੀ ਤੇ ਖ਼ੁਦਾ ਦੇ ਨੁਮਾਇੰਦੇ ਹਾਂ। ਹੇ ਸਾਥੀ ਯਾਜਕ ਕੀ ਅਸੀਂ ਆਪਣੀ ਜ਼ਿੰਮੇਵਾਰੀ ਨੂੰ ਗੰਭੀਰਤਾ ਨਾਲ ਨਿਭਾ ਰਹੇ ਹਾਂ?

## ਸਾਰ

ਫਿਰ ਤਾਂ ਮਸੀਹੀ ਲੋਕ, ਮਸੀਹੀ ਯੁੱਗ ਵਿਚ ਖ਼ੁਦਾ ਦੀ ਪਵਿੱਤਰ ਯਾਜਕਾਈ ਹਨ। ਸਾਨੂੰ ਖ਼ੁਦਾ ਤਕ ਪਹੁੰਚਣ ਦੀ ਯਾਜਕਾਈ ਮਿਲੀ ਹੈ, ਸਾਨੂੰ ਯਾਜਕਾਈ ਦੇ ਖ਼ਾਸ ਅਖ਼ਤਿਆਰ ਦਿੱਤੇ ਗਏ ਹਨ ਅਤੇ ਅਸੀਂ ਸੰਸਾਰ ਵਿਚ ਯਾਜਕਾਈ ਦੇ ਕੰਮ ਨੂੰ ਪੂਰਾ ਕਰਦੇ ਹਾਂ। ਸਾਨੂੰ ਸਭ ਤੋਂ ਵੱਡਾ ਮਾਣ ਮਿਲਿਆ ਹੈ, ਕਿਉਂਕਿ ਅਸੀਂ ਯਹੋਵਾਹ ਦੇ ਨਿੱਜ ਲੋਕ ਹੋਣ ਲਈ ਵੱਖ ਕੀਤੇ ਗਏ ਹਾਂ। ਸਾਨੂੰ ਸਭ ਤੋਂ ਵੱਡੀ ਬੁਲਾਹਟ ਮਿਲੀ ਹੈ, ਕਿਉਂਕਿ ਅਸੀਂ ਪਵਿੱਤਰ ਭਾਵ ਖ਼ੁਦਾ ਜਿਹੇ ਹੋਣ ਦੇ ਲਈ ਬੁਲਾਏ ਗਏ ਹਾਂ। ਸਾਨੂੰ ਸਭ ਤੋਂ ਵੱਡਾ ਕੰਮ ਮਿਲਿਆ ਹੈ, ਕਿਉਂਕਿ ਸਾਨੂੰ ਖ਼ੁਦਾ ਦੇ ਯਾਜਕਾਂ ਦਾ ਤਰੀਕਾ ਦਿੱਤਾ ਗਿਆ ਹੈ।

ਕੀ ਤੁਸੀਂ ਮਸੀਹੀ ਹੋ? ਕੀ ਤੁਸੀਂ ਮਸੀਹ ਨੂੰ ਆਪਣੇ ਪਾਪ ਧੋਣ ਅਤੇ ਤੁਹਾਨੂੰ ਮਸੀਹ ਦੇ ਯਾਜਕ ਬਣਨ ਦੀ ਇਜਾਜ਼ਤ ਦਿੱਤੀ ਗਈ ਹੈ। ਸਾਨੂੰ ਮਸੀਹੀ ਬਣਨ ਦੀ ਇੱਛਿਆ ਰੱਖਣੀ ਚਾਹੀਦੀ ਹੈ ਨਾ ਸਿਰਫ਼ ਇਸ ਇਸ ਲਈ ਕਿ ਮਸੀਹੀ ਨੂੰ ਕੀ ਮਿਲਦਾ ਹੈ, ਸਗੋਂ ਇਸ ਲਈ ਕਿ ਮਸੀਹੀ ਕੀ ਹੈ ਅਤੇ ਕੀ ਕਰਦਾ ਹੈ।

ਸਾਡੇ ਗੀਤਾਂ ਵਿਚ ਸਾਡੀ ਦਿਲਚਸਪੀ, ਵਿਸ਼ਵਾਸ ਅਤੇ ਗੁਣਾਂ ਦਾ ਪਤਾ ਲੱਗਦਾ ਹੈ। ਸੁਰਗ ਵਿਚ ਵੀ ਇਹੀ ਗੱਲ ਸੱਚ ਹੈ। ਸੁਰਗ ਵਿਚ ਕਿਹੜੇ ਗੀਤ ਗਾਏ ਜਾ ਰਹੇ ਹਨ? ਉਸ ਗੀਤ ਵੱਲ ਧਿਆਨ ਦਿਓ ਜੋ ਸੁਰਗ ਦੇ ਅਹਾਤੇ ਵਿਚ ਉਸ ਵੇਲੇ ਗਾਇਆ ਜਾ ਰਿਹਾ ਸੀ ਜਦ ਲੇਲੇ ਨੇ ਉਸ ਨਾਲ ਜੋ ਸਿੰਘਾਸਣ ਤੇ ਬੈਠਾ ਹੈ, ਸੱਤ ਮੋਹਰਾਂ ਵਾਲੀ ਪੁਸਤਕ ਲਈ ਸੀ:

> ''ਅਤੇ ਓਹ ਇਹ ਆਖਦਿਆਂ ਇਕ ਨਵਾਂ ਗੀਤ ਗਾਉਂਦੇ ਸਨ, ਤੂੰ ਉਹ ਪੋਥੀ ਲੈਣ ਅਤੇ ਉਹਦੀਆਂ ਮੋਹਰਾਂ ਖੋਲ੍ਹਣ ਦੇ ਯੋਗ ਹੈ, ਕਿਉਂ ਕਿ ਤੂੰ ਕੋਹਿਆ ਗਿਆ ਸੈਂ, ਅਤੇ ਤੈਂ ਆਪਣੇ ਲਹੂ ਨਾਲ ਹਰੇਕ ਗੋਤ, ਭਾਖਿਆ, ਉੱਤਮ ਅਤੇ ਕੌਮ ਵਿੱਚੋਂ ਪਰਮੇਸ਼ੁਰ ਦੇ ਲਈ ਲੋਕਾਂ ਨੂੰ ਮੁੱਲ ਲਿਆ, ਅਤੇ ਉਨ੍ਹਾਂ ਨੂੰ ਸਾਡੇ ਪਰਮੇਸ਼ੁਰ ਲਈ, ਇਕ ਬਾਦਸ਼ਾਹੀ ਅਤੇ ਯਾਜਕ ਬਣਾਇਆ ਅਤੇ ਓਹ ਧਰਤੀ ਉੱਤੇ ਰਾਜ ਕਰਨਗੇ'' (ਪ੍ਰਕਾਸ਼ ਦੀ ਪੋਥੀ 5:9, 10)।

ਜੇ ਤੁਹਾਨੂੰ ਆਪਣੇ ਦੇਸ਼ ਦੇ ਪ੍ਰਧਾਨ ਵੱਲੋਂ ਉਸਦੇ ਮੰਤਰੀ-ਮੰਡਲ ਦੇ ਹਿੱਸੇ ਦੇ ਰੂਪ ਵਿਚ ਸੇਵਾ ਕਰਨ ਲਈ ਕਿਹਾ ਜਾਵੇ ਤਾਂ ਕੀ ਤੁਸੀਂ ਮੰਨ ਜਾਓਗੇ? ਬਹੁਤੀ ਸੰਭਾਵਨਾ ਹੈ ਕਿ ਤੁਸੀਂ ਮੰਨ ਜਾਓਗੇ। ਜੇ ਤੁਹਾਨੂੰ ਆਪਣੇ ਨਗਰ ਦਾ ਮੇਅਰ ਬਣਨ ਦੇ ਲਈ ਆਖਿਆ ਜਾਵੇ ਤਾਂ ਕੀ ਤੁਸੀਂ ਇਸ ਅਹੁਦੇ ਨੂੰ ਕਬੂਲ ਕਰ ਲਓਗੇ? ਯਕੀਨਨ। ਸੰਸਾਰ ਦਾ ਸਿਰਜਣਹਾਰ ਖ਼ੁਦਾ ਜਿਸ ਨੇ ਤੁਹਾਨੂੰ ਆਪਣੇ ਪੁੱਤਰ ਦੇ ਰਾਹੀਂ ਮੁਕਤੀ ਦੇਣ ਦੀ ਪੇਸ਼ਕਸ਼ ਕੀਤੀ ਹੈ, ਤੁਹਾਨੂੰ ਆਪਣੇ ਕੋਲ਼ ਆਉਣ ਅਤੇ ਉਸਦੀ ਅਤੇ ਇਸ ਸੰਸਾਰ ਦੀ ਉਸਦੇ ਪਵਿੱਤਰ ਯਾਜਕ ਦੇ ਰੂਪ ਵਿਚ ਸੇਵਾ ਕਰਨ ਦੇ ਲਈ ਆਖਿਆ ਜਾ ਸਕਦਾ ਹੈ। ਕੀ ਤੁਸੀਂ ਇਸ ਨੂੰ ਕਬੂਲ ਕਰੋਗੇ?

## ਅਧਿਐਨ ਅਤੇ ਚਰਚਾ ਲਈ ਸਵਾਲ

1. ਆਪਣੇ ਦੇਸ਼ ਵਿਚ ਨਾਬਾਲਗਾਂ ਅਤੇ ਬਾਲਗਾਂ ਦੇ ਲਈ ਕਾਨੂੰਨਾਂ ਦੀ ਤੁਲਨਾ ਕਰੋ।
2. ਬਿਆਨ ਕਰੋ ਕਿ ਪਹਿਲੀ ਸਦੀ ਵਿਚ ਯਹੂਦੀ ਲੋਕ ਕਿਵੇਂ ਉਲਝਣ ਵਿਚ ਪਏ ਹੋਣਗੇ ਕਿ ਉਹ ਕਿਸ ਸ਼ਰ੍ਹਾ ਦੇ ਅਧੀਨ ਹਨ, ਅਰਥ ਤੇ ਉਹ ਮੂਸਾ ਦੀ ਸ਼ਰ੍ਹਾ ਨੂੰ ਮੰਨਣ ਕਿ ਮਸੀਹ ਦੀ ਨਵੀਂ ਸ਼ਰ੍ਹਾ ਨੂੰ।
3. ਤੁਹਾਨੂੰ ਕੀ ਲਗਦਾ ਹੈ ਕਿ ਮਸੀਹੀ ਬਣਨ ਵਾਲੇ ਇਕ ਯਹੂਦੀ ਦੇ ਦਿਮਾਗ਼ ਵਿਚ ਅਸਲ ਵਿਚ ਕੀ ਫ਼ਰਕ ਪਿਆ ਹੋਵੇਗਾ?
4. ਪੁਰਾਣੇ ਨੇਮ ਦੇ ਯਾਜਕ ਦਾ ਖ਼ੁਦਾ ਨਾਲ ਕੀ ਸਬੰਧ ਸੀ?
5. ਅੱਜ ਦੇ ਸਮੇਂ ਖ਼ੁਦਾ ਦੇ ਯਾਜਕ ਹੋਣ ਕਰਕੇ ਕਿਸ ਤਰ੍ਹਾਂ ਦੀ ਮਹੱਤਤਾ ਦਿੱਤੀ ਜਾਂਦੀ ਹੈ ਜਾਂ ਯੋਗ ਬਣਾਇਆ ਜਾਂਦਾ ਹੈ?
6. ਵਾਕ ਅੰਸ਼ ''ਖ਼ੁਦਾ ਤਕ ਪਹੁੰਚ'' ਤੋਂ ਕੀ ਭਾਵ ਹੈ?
7. ਖ਼ੁਦਾ ਤਕ ਪਹੁੰਚਣ ਦੇ ਸਿੱਟੇ ਮਿਲਣ ਵਾਲੀਆਂ ਖ਼ਾਸ ਬਰਕਤਾਂ ਦੀ ਸੂਚੀ ਬਣਾਓ।
8. ਅੱਜ ਅਸੀਂ ਖ਼ੁਦਾ ਦੇ ਯਾਜਕਾਂ ਦੇ ਰੂਪ ਵਿਚ ਕਿਵੇਂ ਕੰਮ ਕਰਦੇ ਹਾਂ?
9. ਉਹ ਆਇਤਾਂ ਦੱਸੋ ਜਿਨ੍ਹਾਂ ਵਿਚ ਮਸੀਹੀ ਲੋਕਾਂ ਨੂੰ ਖ਼ੁਦਾ ਦੇ ਯਾਜਕ ਹੋਣ ਦੇ ਤੌਰ ਤੇ ਵਿਖਾਇਆ ਗਿਆ ਹੈ।
10. ਪ੍ਰਕਾਸ਼ ਦੀ ਪੋਥੀ 5:9, 10 ਵਿਸ਼ਵਾਸੀਆਂ ਦੀ ਯਾਜਕਾਈ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?
11. ਅੱਜ ਖ਼ੁਦਾ ਦਾ ਯਾਜਕ ਕਿਵੇਂ ਬਣਿਆ ਜਾ ਸਕਦਾ ਹੈ?
12. ਭਲਾ ਅੱਜ ਕੋਈ ਖ਼ੁਦਾ ਦਾ ਯਾਜਕ ਬਣ ਸਕਦਾ ਹੈ?